**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ**

**(ਅਮਲਾ-1 ਸ਼ਾਖਾ)**

ਹੁਕਮ ਨੰਬਰ:-20/90-2017-ਅਮਲਾ-1(1)

ਮਿਤੀ ਅਜੀਤਗੜ੍ਹ:-14/06/2018

ਸ਼੍ਰੀ ਬਲਵਿੰਦਰ ਸਿੰਘ, ਸਾਬਕਾ ਸਰਪੰਚ, ਵਾਸੀ ਪਿੰਡ ਨੱਥੂਪੁਰ, ਤਹਿਸੀਲ ਸੁਲਤਾਨਪੁਰ ਲੋਧੀ (ਕਪੂਰਥਲਾ) ਵਲੋਂ ਸ਼੍ਰੀਮਤੀ ਅਮਰਜੀਤ ਕੌਰ, ਜੇ.ਬੀ.ਟੀ. ਟੀਚਰ, ਸ:ਐ:ਸ: ਨੱਥੂਪੁਰ, ਬਲਾਕ ਸੁਲਤਾਨਪੁਰ ਲੋਧੀ-2 ਕਪੂਰਥਲਾ) ਵਿਰੁੱਧ ਸ਼ਿਕਾਇਤ ਕਰਕੇ ਦੋਸ਼ ਲਗਾਏ ਹਨ ਕਿ ਇਸ ਟੀਚਰ ਨੇ ਕਿਸੇ ਮਰੀ ਹੋਈ ਔਰਤ ਦੇ ਸਰਟੀਫਿਕੇਟ ਵਰਤ ਕੇ ਸਰਕਾਰੀ ਨੌਕਰੀ ਪ੍ਰਾਪਤ ਕੀਤੀ ਹੋਈ ਹੈ। ਇਸ ਟੀਚਰ ਦਾ ਅਸਲ ਨਾਮ ਸੁਰਜੀਤ ਕੌਰ ਪੁੱਤਰੀ ਸ਼੍ਰੀ ਜਸਵੰਤ ਸਿੰਘ, ਵਾਸੀ ਪਲਾਸੋਰ, ਜਿਲ੍ਹਾ ਤਰਨ-ਤਾਰਨ ਹੈ। ਇਸ ਦੀ ਸ਼ਾਦੀ ਪਿੰਡ ਨੱਥੂਪੁਰ ਵਿਖੇ ਹੋਈ ਹੈ। ਇਸ ਨੇ ਆਪਣਾ ਨਾਮ ਬਦਲਕੇ ਨੌਕਰੀ ਪ੍ਰਾਪਤ ਕੀਤੀ ਹੈ। ਇਸ ਨੇ ਅਮਰਜੀਤ ਕੌਰ ਪਤਨੀ ਮਹਿੰਦਰ ਸਿੰਘ ਹੈ ਜਿਸ ਨੇ ਆਪਣੇ ਘਰ ਵਾਲੇ ਦਾ ਨਾਮ ਪਿਤਾ ਦਾ ਨਾਮ ਵਰਤ ਕੇ ਨੌਕਰੀ ਪ੍ਰਾਪਤ ਕੀਤੀ ਹੈ। ਇਹ ਟੀਚਰ ਪਿਛਲੇ 20-22 ਸਾਲਾ ਤੋਂ ਸਰਕਾਰ ਨੂੰ ਚੂਨਾ ਲਗਾ ਰਹੀ ਹੈ।

ਇਸ ਮਾਮਲੇ ਸਬੰਧੀ ਪਿੰਡ ਨੱਥੂ ਵਾਲ, ਤਹਿਸੀਲ ਸੁਲਤਾਨਪੁਰ ਲੋਧੀ (ਕਪੂਰਥਲਾ) ਵਲੋਂ ਲਿਖਤੀ ਰੂਪ ਵਿਚ ਇਸ ਦਫਤਰ ਨੂੰ ਦਿੱਤਾ ਹੈ ਕਿ ਬਲਵਿੰਦਰ ਸਿੰਘ ਨਾਮ ਦਾ ਕੋਈ ਵਿਅਕਤੀ ਕਦੇ ਪਿੰਡ ਦਾ ਸਰਪੰਚ ਨਹੀਂ ਬਣਿਆ। ਕਿਸੇ ਸਰਾਰਤੀ ਅਨਸਰ ਵਲੋਂ ਇਹ ਝੂਠੀ ਸ਼ਿਕਾਇਤ ਕੀਤੀ ਹੈ।

ਇਸ ਮਾਮਲੇ ਸਬੰਧੀ ਇਸ ਟੀਚਰ ਦੇ ਵਿਦਿਅਕ ਸਰਟੀਫਿਕੇਟ ਨਿੱਜੀ ਪੱਧਰ ਤੇ ਪ੍ਰਾਪਤ ਕਰਕੇ ਚੈੱਕ ਕਰਨ ਤੇ ਇਹ ਪਾਇਆ ਗਿਆ ਕਿ ਇਸ ਟੀਚਰ ਦਾ ਵਿਦਿਅਕ ਸਰਟੀਫਿਕੇਟਾਂ ਦੀਆਂ ਡੁਪਲੀਕੇਟ ਕਾਪੀਆਂ ਸਬੰਧਤ ਅਦਾਰਿਆ/ਸੰਸਥਾਵਾਂ ਤੋਂ ਪ੍ਰਾਪਤ ਕੀਤੀਆਂ ਹੋਈਆਂ ਹਨ। ਇਸ ਟੀਚਰ ਦੇ ਨਿਯੁਕਤੀ ਪੱਤਰ ਵਿਚ ਵੀ ਉਮੀਦਵਾਰ ਦਾ ਨਾਮ ਪਿੱਛੇ ਪਤੀ ਦਾ ਨਾਮ ਕੱਟ ਕੇ ਪਿਤਾ ਦਾ ਨਾਮ ਅੰਕਿਤ ਕੀਤਾ ਗਿਆ ਹੈ।

ਉਕਤ ਮਾਮਲੇ ਸਬੰਧੀ ਪ੍ਰਾਪਤ ਹੋਈ ਸ਼ਿਕਾਇਤ ਵਿਚ ਲਗਾਏ ਗਏ ਦੋਸ਼ਾਂ ਅਨੁਸਾਰ ਹੇਠਲੇ ਦਫਤਰ ਵਲੋਂ ਅਤੇ ਇਸ ਟੀਚਰ ਵਲੋਂ ਪੇਸ਼ ਕੀਤੇ ਗਏ ਵਿਦਿਅਕ ਸਰਟੀਫਿਕੇਟਾਂ ਨੂੰ ਘੋਖਣ ਤੇ ਇਹ ਮਾਮਲਾ ਸ਼ੱਕੀ ਜਾਪਿਆ। ਇਸ ਮਾਮਲੇ ਦੀ ਮੁੱਢਲੀ ਪੜਤਾਲ ਕਰਨ ਲਈ ਸ਼੍ਰੀਮਤੀ ਕਮਲਜੋਤ ਕੌਰ, ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ-2) ਜੀ ਤੋਂ ਕਰਵਾਈ ਗਈ। ਇਸ ਸਬੰਧੀ ਪੜਤਾਲੀਆ ਅਫਸਰ ਨੇ ਨਿੱਜੀ ਪੱਧਰ ਤੇ ਹੇਠਲੇ ਦਫਤਰ ਅਤੇ ਤਰਨ-ਤਾਰਨ ਜਾ ਕੇ ਸ਼ਿਕਾਇਤ ਵਿਚ ਦਰਜ ਕੀਤੇ ਗਏ ਤੱਥਾਂ ਨੂੰ ਰਿਕਾਰਡ ਦੇ ਅਧਾਰ ਤੇ ਨਿੱਜੀ ਪੱਧਰ ਤੇ ਵੈਰੀਫਾਈ ਕਰਨ ਉਪਰੰਤ ਪੜਤਾਲ ਰਿਪੋਰਟ ਪੇਸ਼ ਕਰਦੇ ਹੋਏ ਸਪੱਸ਼ਟ ਕੀਤਾ ਹੈ ਕਿ ਇਸ ਸ਼ਿਕਾਇਤ ਵਿਚ ਲਗਾਏ ਗਏ ਦੋਸ਼ ਸਿੱਧ ਨਹੀਂ ਹੁੰਦੇ ਇਸ ਸਬੰਧੀ ਉਹਨਾਂ ਵਲੋਂ ਕੁਝ ਦਸਤਾਵੇਜੀ ਸਬੂਤ ਵੀ ਪੇਸ਼ ਕੀਤੇ ਹਨ। ਇਸ ਲਈ ਇਹ ਸ਼ਿਕਾਇਤ ਦਾਖਲ ਦਫਤਰ ਕਰਨ ਦੀ ਸਿਫਾਰਸ਼ ਕੀਤੀ ਹੈ।

ਉਪਰੋਕਤ ਦੇ ਸ੍ਹਨਮੁੱਖ ਮੈਂ ਇੰਦਰਜੀਤ ਸਿੰਘ, ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ ਇਸ ਨਤੀਜੇ ਤੇ ਪੁੱਜਾ ਹਾਂ ਕਿ ਸ਼੍ਰੀਮਤੀ ਅਮਰਜੀਤ ਕੌਰ, ਜੇ.ਬੀ.ਟੀ. ਟੀਚਰ, ਸ:ਐ:ਸ: ਨੱਥੂਪੁਰ, ਬਲਾਕ ਸੁਲਤਾਨਪੁਰ ਲੋਧੀ-2 ਕਪੂਰਥਲਾ) ਵਿਰੁੱਧ ਪ੍ਰਾਪਤ ਹੋਈ ਸ਼ਿਕਾਇਤ ਬੋਗਸ ਹੈ। ਇਸ ਲਈ ਸ਼੍ਰੀ ਬਲਵਿੰਦਰ ਸਿੰਘ, ਸਾਬਕਾ ਸਰਪੰਚ, ਪਿੰਡ ਨੱਥੂਪੁਰ, ਤਹਿਸੀਲ ਸੁਲਤਾਨਪੁਰ ਲੋਧੀ (ਕਪੂਰਥਲਾ) ਵਲੋਂ ਕੀਤੀ ਗਈ ਸ਼ਿਕਾਇਤ ਦਾਖਲ ਦਫਤਰ ਕੀਤੀ ਜਾਂਦੀ ਹੈ।

**ਇੰਦਰਜੀਤ ਸਿੰਘ**

**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:)ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 3660 **ਮਿਤੀ ਅਜੀਤਗੜ੍ਹ:-** 27-7-18

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਕਪੂਰਥਲਾ।
2. ਮਹਾਂਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਕਪੂਰਥਲਾ।
4. ਬਲਾਕ ਪ੍ਰਾਇਮਰੀ ਸਿਖਿਆ ਅਫਰ, ਸੁਲਤਾਨਪੁਰ ਲੋਧੀ-2 (ਕਪੂਰਥਲਾ)।
5. ਸ਼੍ਰੀਮਤੀ ਅਮਰਜੀਤ ਕੌਰ, ਰਿਟਾਇਰਡ ਜੇ.ਬੀ.ਟੀ. ਟੀਚਰ,ਸ:ਐ:ਸ: ਨੱਥੂਪੁਰ, ਬਲਾਕ ਸੁਲਤਾਨਪੁਰਲੋਧੀ-2 (ਕਪੂਰਥਲਾ)।
6. ਐਮ.ਆਈ.ਐਸ. ਵਿੰਗ, ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਸਾਈਟ ਤੇ ਪਾਉਣ ਲਈ।

25/7/18

**ਡਿਪਟੀ ਡਾਇਰੈਕਟਰ (ਅਮਲਾ)**